ਬਲੀਦਾਨ

ਮਿਸ ਕੇ. ਐਲ, ਸਭਰਵਾਲ

M. A.

ਪ੍ਰੈਜ਼ੀਡੈਂਟ ਸਾਹਿਤ ਸਾਧਨਾ ਮੰਦਿਰ

ਦੇ ਪ੍ਰਸਿਧ ਨਾਵਲ

"ਮੂਕ ਪ੍ਰਸ਼ਨ"

ਦਾ ਅਨੁਵਾਦਿ

G. 367

ਅਨੁਵਾਦਿਕ—

ਜਸਵੰਤ ਕੌਰ

M A. B. T.

ਪ੍ਰਕਾਸ਼ਕ—

ਲਾਹੌਰ ਬੁਕ ਸ਼ਾਪ

ਨਿਸਬਤ ਰੋਡ ਲਾਹੌਰ ਮੋਹਨ ਲਾਲ ਰੋਡ

ਉ
ਸ ਦ ਚ
31736

ਭੂਮਿਕਾ

ਜਦੋਂ ਪੰਜਾਬੀ ਵਿਚ ਅਨੁਵਾਦਿ ਕੀਤੇ ਹੋਏ ਨਾਵਲਾਂ ਦੀ ਕੋਈ ਕਮੀ ਨਹੀਂ ਫਿਰ ਮੈਨੂੰ ਇਸ ਹਿੰਦੀ ਦੇ ਨਾਵਲ "ਮੂਕ ਪ੍ਰਸ਼ਨ" ਦਾ ਅਨੁਵਾਦਿ ਕਰਨ ਦੀ ਕੀ ਤੇ ਕਿਉਂ ਲੋੜ ਪਈ। ਇਸ ਪ੍ਰਸ਼ਨ ਦਾ ਸਵਾਲ ਇਸ ਕਿਤਾਬ ਦੇ ਪੜ੍ਹਿਆਂ ਤੋਂ ਖੁਦ ਬ-ਖੁਦ ਹੀ ਮਿਲ ਜਾਏਗਾ।

ਜਦੋਂ ਤੋਂ ਇਹ ਕਿਤਾਬ "ਮੂਕ ਪ੍ਰਸ਼ਨ" ਮੈਂ ਪੜ੍ਹ ਕੇ ਖਤਮ ਕੀਤੀ ਤਦ ਤੋਂ ਹੀ ਮੇਰੇ ਦਿਲ ਵਿਚ ਖਿਆਲ ਉਪਜਿਆ ਕਿ ਇਹ ਕਿਤਾਬ ਤਾਂ ਪੰਜਾਬੀ ਵਿਚ ਹੋਣੀ ਚਾਹੀਦੀ ਹੈ, ਉਸ ਦਿਨ ਤੋਂ ਹੀ ਮੈਂ ਇਰਾਦਾ ਕੀਤਾ ਕਿ ਇਸ ਕਿਤਾਬ ਦਾ ਅਨਵਾਦਿ ਪੰਜਾਬੀ ਵਿਚ ਮੈਂ ਜ਼ਰੂਰ ਕਰਾਂਗੀ। "ਮੂਕ ਪ੍ਰਸ਼ਨ" ਇਕ ਨਾਵਲ ਹੈ ਤੇ ਨਾਵਲ ਭੀ ਅਸਲੀ ਅਰਥਾਂ ਵਿਚ, ਇਸਦੇ ਖਿਆਲ ਸਿਰਫ ਉਚੇ ਹੀ ਨਹੀਂ ਸਭੋਂ ਸੁਚੇ ਭੀ ਹਨ। ਸਮੇਂ ਦੀ ਵਗਦੀ ਹਵਾ ਤੋਂ ਇਹ ਕਿਤਾਬ ਅਨਛੋਹ ਨਹੀਂ ਕੀਤੀ, ਇਸ ਵਿਚ ਸਿਰਫ ਇਹ ਹੀ ਦਰਸਾਣ ਦੀ ਕੋਸ਼ਿਸ਼ ਨਹੀਂ ਕੀਤੀ, ਜੋ ਕੁਝ ਅਜ ਹੋ ਰਿਹਾ ਹੈ ਜਾਂ ਹੋ ਚੁਕਿਆ ਹੈ। ਪਰ ਇਸ ਵਿਚ ਇਹ ਹੀ ਭ ਵ ਦਰਸ਼ਾਣ ਦੀ ਕੋਸ਼ਸ਼ ਕੀਤੀ ਹੈ ਜੋ ਕੁਝ ਅਗੇ ਹੋਣਾ ਚਾਹੀਦਾ ਹੈ। ਇਸਤ੍ਰੀ ਕੀ ਬਣ ਈ ਹੈ ਤਿਆਗ ਦੀ ਇਕ ਮੂਰਤੀ, ਬਲੀਦਾਨ ਦੀ ਜਿਉਂਦੀ ਜਾਗਦੀ ਤਸਵੀਰ, ਅਹਿੰਸਾ ਦਾ ਅਵਤਾਰ, ਉਹ ਸਹਿੰਦੀ ਹੈ ਸਭ ਕੁਝ ਪਰ ਮੂੰਹੋਂ ਇਕ ਆਹ ਭੀ ਨਹੀਂ ਕਢਦੀ, ਸੀਅ ਭੀ ਨਹੀਂ ਕਰਦੀ, ਹੌਕਾ ਭੀ ਨਹੀਂ ਲੈਂਦੀ, ਖਿੜੇ ਮਥੇ, ਚੁਪ ਚਾਪ, ਤੁਫਾਨੀ ਸਮੁੰਦਰ ਵਿਚ ਡੋਲਦੀ ਬੇੜੀ ਵਿਚ ਪੈਰ ਰਖਦੀ ਹੈ ਪਰ ਖੁਦ ਆਪ ਨਹੀਂ ਡੋਲਦੀ। ਸਮੁੰਦਰ ਵਿਚ ਚਟਾਣ ਨੂੰ ਦੇਖਦਿਆਂ ਹੋਇਆਂ ਟਕਰ ਲਗਣ ਲਗਿਆਂ ਧੱਕੇ ਖਾਂਦੀ ਬੇੜੀ ਵਿਚ ਭੀ ਉਹਦੀ ਠੰਡੀ ਆਹ ਲੈਣ ਦੀ ਜਾਂ ਚਿਲਾਉਣ ਜਾਂ ਚਲਣ ਦੀ ਆਵਾਜ਼ ਨਹੀਂ ਆਉਂਦੀ। ਜਵਾਲਾ ਭਰੀ ਹੋਈ ਹੈ ਇਸ ਨਾਵਲ ਵਿਚ ਤੇ ਉਹ ਭੀ ਪਿਆਰ ਦੀ ਜਾਂ ਜੀਵਨ ਦੀ ਜਵਾਲਾ। ਆਸ਼ਾ ਦੀ ਜਵਾਲਾ। ਕਮਾਲ ਦਾ ਘੋਲ ਹੈ ਇਸ ਕਿਤਾਬ ਵਿਚ ਆਸ਼ਾ ਤੇ ਨਿਰਾਸਾ ਦਾ, ਪਿਆਰ ਤੇ ਨਫਰਤ ਦਾ, ਸੁਹਪਣ ਤੇ ਕਰੂਪਤਾ ਦਾ, ਤੇ ਆਖਰੀ ਜਿਤ ਕਿਹਦੀ ਹੋਈ ਇਹ ਦਸਣਾ ਮੇਰਾ ਕੰਮ ਨਹੀਂ।

ਕੋਟਾ

ਉਨ੍ਹਾਂ ਨੂੰ ਜਿਹੜੇ ਜੀਵਨ ਜਾਚ ਜਾਣਦੇ ਹਨ, ਜਿਹੜੇ ਦੁਨਿਆਵੀ ਸੁੱਖਾਂ ਤੋਂ ਵਾਂਜੇ ਰਹਿਕੇ ਭੀ ਨਿਰੋਲ ਪਿਆਰ ਬਦਲੇ ਜੀਉ ਰਹੇ ਹਨ, ਜਿਹਨਾਂ ਨੇ ਲੈਣਾ ਕੁਝ ਭੀ ਨਹੀਂ ਸਿਖਿਆ ਪਰ ਦੇਣਾ ਹੀ ਸਿਖਿਆ ਹੈ, ਜਿਹੜੇ ਦੁਖੀ ਰਹਿ ਕੇ ਭੀ ਮੂੰਹੋਂ ਸੀਅ ਨਹੀਂ ਕਰਦੇ।

'ਜਸਵੰਤ'

ਇਸ ਕਿਤਾਬ ਦਾ ਨਾਮ ਮੈਂ "ਬਲੀਦਾਨ" ਕਿਉਂ ਰਖਿਆ। ਪੜ੍ਹਦਿਆਂ ਪੜ੍ਹਦਿਆਂ ਭੀ ਤੇ ਉਸ ਤੋਂ ਬ ਦ ਭੀ ਮੈਨੂੰ ਤਾਂ ਇਸ ਵਿਚੋਂ ਬਲੀਦਾਨ ਹੀ ਲਭਦਾ ਰਿਹਾ, ਇਸ ਹਦ ਤਕ ਬਲੀਦਾਨ ਦੀ ਤੀਬਰਤਾ ਪਹੁੰਚ ਚੁਕੀ ਹੈ ਕੁਝ ਭੀ ਕਿਸੇ ਦੀ ਖਾਤਰ ਬਲੀਦਾਨ ਨਹੀਂ ਕੀਤਾ ਹੋਇਆ, ਕਿਸੇ ਨੂੰ ਦਿਖਾਉ ਵਾਸਤੇ ਬਲੀਦਾਨ ਨਹੀਂ ਕੀਤਾ, ਕਿਸੇ ਦਾ ਪਿਆਰ ਜਿਤਨ ਵਾਸਤੇ ਬਲੀਦਾਨ ਨਹੀਂ ਕੀਤਾ,ਪਰ ਅਣਜਾਣਿਆ, ਬੇਸਮਝਿਆਂ ਸਭ ਕੁਝ ਤਿਆਗ ਦਿਤਾ,ਬਲੀਦਾਨ ਕਰ ਦਿਤਾ ਆਪਣਾ ਆਪ ਭੀ,ਘਰ ਭੀ,ਪਤੀ ਭੀ ਤੇ ਹੋਰ ਕੀ ਖੁਦ ਪਿਆਰ ਭੀ। ਆਹ ! ਪਿਆਰ ਇਨ੍ਹਾਂ ਮਿੱਠਾ ਲਫਜ਼ ਜਿਹੜਾ ਇਨਸਾਨ ਇਨ੍ਹਾਂ ਨੂੰ ਭੀ ਚੁਪ ਚਾਪ ਤਿਆਗ ਸਕਦਾ ਹੈ ਕਿ ਉਹ ਇਸ ਝੰਬੇਲੇ ਵਾਲੇ ਸੰਸਾਰ ਤੇ ਉਠ ਕੇ ਕਿਧਰੇ ਉਚਾ ਨਹੀਂ ਚਲਿਆ ਗਿਆ। ਇਹ ਹੀ ਸੀ ਅਸਲੀ ਚੀਜ਼ ਜਿਸ ਨੂੰ ਕੋਈ ਨਾ ਸਮਝ ਸਕਿਆ।

ਨਾਵਾਂ ਤੇ ਥਾਵਾਂ ਨੂੰ ਮੈਂ ਬਦਲ ਦਿਤਾ ਹੈ ਤਾਂ ਕਿ ਇਸ ਕਿਤਾਬ ਦੀ *Back ground* ਪੰਜਾਬੀ ਹੀ ਹੋਵੇ ਤੇ ਪੜ੍ਹਨ ਵਾਲਿਆਂ ਨੂੰ ਕੁਝ ਓਪਰੀ ਨਾ ਜਾਪੇ। ਖਿਆਲ ਬਦਲਣ ਦੀ ਮੈਂ ਉੱਕਾ ਹੀ ਕੋਈ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਮੈਂ ਇਹ ਕਰਨ ਸਮਰਥਾ ਰਖਦੀ ਹਾਂ। ਇਹ ਜਿਹਦੀ ਚੀਜ਼ ਹੈ ਮੈਂ ਉਸੇ ਨੂੰ ਪਿਆਰ ਸਹਿਤ ਭੇਟਾ ਕਰਦੀ ਹਾਂ। ਬੱਸ ! ਮੇਰੀ ਇਕ ਚਾਅ ਸੀ ਕਿ ਸੋਹਣੇ ਖਿਆਲਾਂ ਨੂੰ ਮੈਂ ਪੰਜਾਬੀ ਵੀਰਾਂ ਦੀ ਦ੍ਰਿਸ਼ਟੀ ਕੋਨ ਥਲੇ ਲਿਆ ਸਕਾਂ। ਉਹ ਪੂਰੀ ਹੋ ਗਈ। ਹੁਣ ਮੈਂ ਸੰਤੁਸ਼ਟ ਹਾਂ।

ਅਨੁਵਾਦਿਕ ਦੀ ਤੌਰ ਤੇ ਮੈਂ ਕਾਮਯਾਬ ਹੋਈ ਹਾਂ ਜਾਂ ਨਹੀਂ ਇਹ ਜਾਨਣ ਦੀ ਨਾ ਹੀ ਤਾਂ ਮੈਨੂੰ ਚਾਅ ਹੈ ਨਾ ਸ਼ੌਕ ਤੇ ਨਾਵੇਹਲ ! ਪੰਜਾਬੀ ਮਾਤਾ ਦੀ ਭੀ ਇਹ ਅਨੁਵਾਦ ਕਰਕੇ ਮੈਂ ਕੋਈ ਸੇਵਾ ਕਰ ਸਕੀ ਹਾਂ ਜਾਂ ਨਹੀਂ ਇਸਦਾ ਭੀ ਮੈਨੂੰ ਪਤਾ ਨਹੀਂ। ਲਿਖਾਰਣ ਨੇ ਜਿਸ ਪਿਆਰ ਭਰੀ ਹੋਈ ਜਵਾਲਾ ਨਾਲ ਆਪਣੇ ਖਿਆਲਾਂ ਨੂੰ ਇਸ ਨਾਵਲ ਵਿਚ ਭਰਣ ਦੀ ਕੋਸ਼ਿਸ਼ ਕੀਤੀ,ਉਹਨੂੰ ਪੂਰੀ ਕਾਮਯਾਬੀ ਨਾਲ ਉਸੇਤਰ੍ਹਾਂ ਕੀ ਮੈਂ ਦਰਸਾਕੇ ਉਹਨੂੰ ਖੁਸ਼ ਕਰ ਸਕੀ ਹਾਂ ਜਾਂ ਨਹੀਂ ਇਸ ਬਾਬਤ ਭੀ ਮੈਂ ਉਨੀ ਬੇਸਮਝ ਹਾਂ। ਹਾਂ, ਇਕ ਗੱਲ ਮੈਨੂੰ ਪਤਾ ਹੈ ਕਿ ਮੈਂ ਸੰਤੁਸ਼ਟ ਹਾਂ ਕਿਉਂ ਕਿ ਇਹ ਸਭ ਕੁਝ ਮੈਂ ਸਿਰਫ ਪਿਆਰ ਬਦਲੇ ਹੀ ਕੀਤਾ ਹੈ।

'ਨਸਵੰਤ'

ਸੁਹਾਗ ਰਾਤ

ਮਨਮੋਹਨ ਅਤੇ ਇੰਦਰਾ ਦੇ ਅਜ ਲਾਵਾਂ ਫੇਰੇ ਸਨ। ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੋਇਆ ਸੀ ਅਤੇ ਜੋੜੀ ਨੂੰ ਸਾਹਮਣੇ ਬ੍ਰਾਜਮਾਨ ਕੀਤਾ ਗਿਆ। ਮਨਮੋਹਨ ਨੇ ਇੰਦਰਾ ਦਾ ਕਾਲਾ ਸਿਆਹ ਹੱਥ ਦੇਖਿਆ ਅਤੇ ਮਨ ਹੀ ਮਨ ਵਿਚ ਇਸ ਦਾ ਮੁਕਾਬਲਾ ਆਪਣੇ ਸੁੰਦਰ ਅਤੇ ਕੋਮਲ ਹੱਥ ਨਾਲ ਕੀਤਾ। ਉਸਦੇ ਮੂੰਹ ਉੱਤੇ ਇੱਨੇ ਭਿਆਨਕ ਅਤੇ ਖਤਰਨਾਕ ਚਿੰਨ ਦਿਖਾਈ ਦੇ ਰਹੇ ਸਨ, ਜਿੱਨੇ ਸ਼ਾਇਦ ਇਕ ਮਰਦੇ ਹੋਏ ਮਨੁੱਖ ਨੂੰ ਮੌਤ ਦਾ ਪਰਛਾਵਾਂ ਸਾਹਮਣੇ ਦੇਖ ਕੇ ਭੀ ਨਹੀਂ ਦਿਖਾਈ ਦੇਂਦੇ ਹੋਣਗੇ। ਉਸ ਦਾ ਅੰਦਰਲਾ ਘਿਰਣਾ ਨਾਲ ਭਰ ਗਿਆ ਅਤੇ ਇਕ ਪਲ ਲਈ ਉਸ ਦਾ ਚੰਦਰਮਾਂ ਵਰਗਾ ਸੋਹਣਾ ਮੁਖੜਾ ਕਾਲਾ ਸਿਆਹ ਹੋ ਗਿਆ। ਵੇਹੜਾ ਲੋਕਾਂ ਨਾਲ ਭਰਿਆ ਹੋਇਆ ਸੀ ਅਤੇ ਸਭ ਦੀ ਨਜ਼ਰ ਇੰਦਰਾ ਵਾਲੇ ਪਾਸੇ ਹੀ ਸੀ। ਇੰਦਰਾ ਦੀ ਭਰਜਾਈ ਦੀ ਨਜ਼ਰ ਮਨਮੋਹਨ ਉੱਤੇ ਗੱਡੀ ਗਈ। ਉਸ ਦਾ ਅੰਦਰਲਾ ਸ਼ੱਕ ਨਾਲ ਕੰਬ ਉੱਠਿਆ, ਪਰ ਇਸ ਭਿਆਨਕ ਦ੍ਰਿਸ਼ ਨੂੰ ਆਪਣੇ ਅੰਦਰੋਂ ਦੂਰ ਕਰਨ ਲਈ ਉਸ ਨੇ ਆਪਣਾ ਧਿਆਨ ਆਸਾ ਜੀ ਦੀ ਵਾਰ ਵਲ ਲਗਾਇਆ,ਜ਼ਬਰਦਸਤੀ ਉਸ ਨੇ ਆਪਣੇ ਸ਼ੱਕ ਨੂੰ ਦੂਰ ਕੀਤਾ।

ਰਾਗੀ ਸਿੰਘ ਆਪਣੀ ਹੀ ਧੁੰਨ ਵਿਚ ਸ਼ਬਦ ਪੜ੍ਹ ਰਹੇ ਸਨ। ਇੰਦਰਾ ਨੂੰ ਆਪਣੀ ਬਾਬਤ ਸਭ ਪਹਿਲੇ ਹੀ ਪਤਾ ਸੀ। ਉਸ ਦਾ ਅੰਦਰਲਾ ਉਸ ਦਾ ਸਾਥੀ ਸੀ। ਵਰ ਦੇ ਅੰਦਰਲੇ ਦਾ ਭੀ ਹੁਣ ਕੁਝ ਕੁਝ ਪਤਾ ਲਗ ਗਿਆ। ਚੰਗੇ ਭਾਗ ਨੂੰ ਰਾਗੀ ਸਿੰਘ ਇੱਨੀ ਸੋਹਣੀ ਅਵਾਜ਼ ਨਾਲ ਸ਼ਬਦ ਪੜ੍ਹ ਰਹੇ ਸਨ ਕਿ ਲੋਕਾਂ ਦਾ ਧਿਆਨ ਆਪਣੇ ਆਪ ਹੀ ਉਧਰਲੇ ਪਾਸੇ ਖਿਚਿਆ ਜਾ ਰਿਹਾ ਸੀ। ਜੋ ਕੁਝ ਮਨਮੋਹਨ ਦੇ ਅੰਦਰ ਵਾਪਰ ਰਹੀ ਸੀ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.